# ਪਾਟੇ ਖਾਂ ਨਾਢੂ ਖਾਂ

(ਨਾਟਕ ਸ਼ੁਰੂ ਹੋਣ 'ਤੇ ਸੂਤਰਧਾਰ ਮੰਚ 'ਤੇ ਆਉਂਦਾ ਹੈ/ਆਉਂਦੀ ਹੈ।)

ਸੂਤਰਧਾਰ : ਦਰਸ਼ਕ ਬੱਚੇ ਤੇ ਬਚੀਓ, ਅਸੀਂ ਤੁਹਾਨੂੰ ਜਿਹੜਾ ਨਾਟਕ ਵਿਖਾਉਣ ਜਾ ਰਹੇ ਹਾਂ ਇਹ ਸਾਡੀ ਧਰਤੀ 'ਤੇ ਹੋ ਰਹੀ ਕੁਝ ਘਟਨਾਵਾਂ ਦਾ ਨਾਟਕ ਹੈ। ਤੁਸੀਂ ਜਦੋਂ ਸਕੂਲ ਆਉਂਦੇ ਹੋ ਤੇ ਆਪਸ ਵਿਚ ਗਲਾਂ ਕਰਦੇ ਹੋ ਜੋ ਤੁਸੀਂ ਰਾਤੀਂ ਟੀ.ਵੀ. 'ਤੇ ਵੇਖਿਆ ਜਾਂ ਜੋ ਕੁਝ ਤੁਸੀਂ ਆਪਣੇ ਮਾਪਿਆਂ ਕੋਲੋਂ ਆਪਣੇ ਵੱਡੇ ਭੈਣ ਭਰਾਵਾਂ ਤੋਂ ਸੁਣਿਆ – ਇਹਨਾਂ ਸਭ ਕੁਝ ਵਿਚ ਇਕ ਸ਼ਬਦ ਵਾਰ ਵਾਰ ਆਉਂਦਾ ਹੈ "ਜੰਗ"

ਇਹ ਜੰਗ ਕੀ ਹੁੰਦੀ ਹੈ ? ਇਹ ਕਿਉਂ ਲਗਦੀ ਹੈ ਇਹਦੇ ਵਿਚ ਨਿੱਕੇ ਬੱਚੇ ਬੱਚੀਆਂ ਦਾ ਕੀ ਨੁਕਸਾਨ ਹੁੰਦਾ ਹੈ ? ਇਹ ਜੰਗ ਕਿਸ ਤਰ੍ਹਾਂ ਰੋਕੀ ਜਾ ਸਕਦੀ ਹੈ। ਇਹ ਅਸੀਂ ਤੁਹਾਨੂੰ ਇਸ ਨਾਟਕ ਵਿਚ ਵਿਖਾਵਾਂਗੇ। ਤੇ ਨਾਟਕ ਦਾ ਨਾਂ ਹੈ 'ਪਾਟੇ ਖਾਂ ਤੇ ਨਾਢੂ ਖਾਂ' ਕੀ ਬੱਚਿਓ ਇਹ ਨਾਟਕ ਵੇਖੋਗੇ ? ਕਵੋ ਹਾਂ...

ਦਰਸ਼ਕ ਬੱਚੇ : ਹਾਂ

ਸੂਤਰਧਾਰ : ਤੇ ਆ ਰਹੇ ਨੇ ਪਾਟੇ ਖਾਂ ਅਤੇ ਨਾਢੂ ਖਾਂ

(ਸੂਤਰਧਾਰ ਬਾਹਰ ਜਾਂਦਾ ਹੈ ਤੇ ਇਕ ਪਾਸੇ ਤੋਂ ਪੰਜ ਪਾਟੇ ਖਾਂ ਤੇ ਦੂਜੇ ਪਾਸੇ ਤੋਂ ਪੰਜ ਨਾਢੂ ਖਾਂ ਆਉਂਦੇ ਹਨ ਤੇ ਸਟੇਜ ਦੇ ਪਿਛਲੇ ਪਾਸੇ ਪਿਠਾਂ ਕਰਕੇ ਖਲੋ ਜਾਂਦੇ ਹਨ। ਫੇਰ ਵਾਰੀ ਵਾਰੀ ਮੁੜਕੇ ਆਪਣੇ ਆਪ ਨੂੰ ਦਰਸ਼ਕਾਂ ਅਗੇ Introduce ਕਰਾਂਦੇ ਹਨ। ਉਹਨਾਂ ਦੇ ਹੱਥਾਂ ਵਿਚ ਡੰਡੇ ਹਨ।)

–ਮੈਂ ਪਾਟੇ ਖਾਂ ਇਕ

–ਮੈਂ ਪਾਟੇ ਖਾਂ ਦੋ

–ਮੈਂ ਪਾਟੇ ਖਾਂ ਤਿੰਨ

–ਮੈਂ ਪਾਟੇ ਖਾਂ ਚਾਰ

–ਮੈਂ ਪਾਟੇ ਖਾਂ ਪੰਜ

– ਮੈਂ ਨਾਢੂ ਖਾਂ ਇਕ

– ਮੈਂ ਨਾਢੂ ਖਾਂ ਦੋ
– ਮੈਂ ਨਾਢੂ ਖਾਂ ਤਿੰਨ
– ਮੈਂ ਨਾਢੂ ਖਾਂ ਚਾਰ
– ਮੈਂ ਨਾਢੂ ਖਾਂ ਪੰਜ

ਪਾਟੇ ਖਾਂ : (ਇਕੱਠੇ) ਅਸੀਂ ਹਾਂ ਇਸ ਧਰਤੀ ਦੇ ਮਾਲਿਕ
ਨਾਢੂ ਖਾਂ : ਅਸੀਂ ਹਾਂ ਇਸ ਧਰਤੀ ਦੇ ਚਾਲਿਕ
ਪਾਟੇ ਖਾਂ : ਠਾ ਠਾ ਠਾ ਹੈ ਸਾਡੀ ਬੋਲੀ
ਨਾਢੂ ਖਾਂ : ਨਿਕਲੇ ਮੂੰਹ ਚੋਂ ਹਰ ਦਮ ਗੋਲੀ
ਪਾਟੇ ਖਾਂ : ਸਾਡੇ ਕੋਲ ਹਨ ਉਡਨ ਖਿਟੋਲੇ
ਨਾਢੂ ਖਾਂ : ਸਾਡੇ ਕੋਲ ਹਨ ਬੰਬ ਦੇ ਗੋਲੇ
ਪਾਟੇ ਖਾਂ : ਜੰਗ ਦੇ ਅਸੀਂ ਵੱਡੇ ਖਿਡਾਰੀ
ਨਾਢੂ ਖਾਂ : ਜੰਗ ਹੈ ਸਾਡੀ ਖੇਡ ਨਿਆਰੀ
ਪਾਟੇ ਖਾਂ : ਜੰਗ ਤੋਂ ਅਸੀਂ ਨਹੀਂ ਹਾਂ ਡਰਦੇ
ਨਾਢੂ ਖਾਂ : ਚੰਗੇ ਲਗਦੇ ਲੋਕ ਹਨ ਮਰਦੇ
ਪਾਟੇ ਖਾਂ : ਧਰਤੀ ਮੰਨਦੀ ਸਾਡੀ ਸ਼ਕਤੀ
ਨਾਢੂ ਖਾਂ : ਇਹੋ ਸਾਡੀ ਸ਼ਾਨ ਤੇ ਭਗਤੀ
ਪਾਟੇ ਖਾਂ : ਜੰਗ ਦੀ ਖੇਡ ਰਚਾਵਾਂਗੇ
ਨਾਢੂ ਖਾਂ : ਮੌਤ ਦਾ ਨਾਚ ਨਚਾਵਾਂਗੇ
ਪਾਟੇ ਖਾਂ : ਅਸੀਂ ਹਾਂ ਪਾਟੇ ਖਾਂ!
ਨਾਢੂ ਖਾਂ : ਅਸੀਂ ਹਾਂ ਨਾਢੂ ਖਾਂ!

(ਬੜੀ ਆਕੜ ਖੋਰਾਂ ਵਾਲੀ ਚਾਲ ਨਾਲ ਸਟੇਜ਼ ਦਾ ਇਕ ਚੱਕਰ ਲਗਾਉਂਦੇ ਹਨ ਤੇ ਸਟੇਜ ਦੇ ਪਿਛੋਂ ਬਾਹਰ ਜਾਂਦੇ ਹਨ। (ਉਹਨਾਂ ਦੀ ਚਾਲ ਨਾਲ Heavy Music ਵੱਜੇ ਜੋ ਦਹਿਸ਼ਤ ਦਾ ਮਾਹੌਲ ਬਣਾਏ) ਉਹਨਾਂ ਦੇ ਜਾਣ ਤੋਂ ਬਾਅਦ ਖੁਸ਼ੀ ਦਾ Music ਵਜੇ ਤੇ ਹਸਦੇ, ਨਚਦੇ, ਟਪਦੇ ਨਿੱਕੇ ਬੱਚੇ ਮੰਚ ਦੇ ਸਾਰੇ ਪਾਸੇ ਫੈਲ ਜਾਣ। ਉਹਨਾਂ ਦੇ ਕੋਲ ਗੁੱਡਾ ਗੁੱਡੀ ਹੋਵੇ – ਇਹ ਵੱਖ–ਵੱਖ ਖੇਡ ਖੇਡਣ ਲਗ ਪੈਣ – ਕੋਕਲਾ ਛਪਾਕੀ, ਛੂਹਣ ਛੁਪਾਈ, ਗੁੱਲੀ ਡੰਡਾ, ਭੰਡਾ ਭੰਡਾਰਿਆ, ਰਸੀ ਟੱਪਣਾ ਤੇ ਬੰਟੇ ਆਦਿ)

(ਇਹਨਾਂ ਬੱਚਿਆਂ ਦੀਆਂ ਖੇਡਾਂ 2–3 ਮਿੰਟ ਚਲਦੀਆਂ ਰਹਿਣ, ਮਿਊਜ਼ਕ ਚਲਦਾ ਰਹੇ ਫੇਰ ਮਿਊਜ਼ਿਕ ਬੰਦ ਹੋ ਜਾਵੇ ਉਹ ਦਰਮਿਆਨ ਵਿਚ ਇਕ ਗਰੁੱਪ ਵਿਚ ਸ਼ਾਮਲ ਹੋ ਜਾਣ)

ਇਕ : ਆਓ ਹੁਣ ਗੁੱਡੇ–ਗੁੱਡੀ ਦੀ ਖੇਡ ਖੇਡੀਏ

ਬਾਕੀ : ਹਾਂ ਗੁੱਡੇ ਗੁੱਡੀ ਖੇਡੀਏ!
ਦੂਜਾ : ਗੁੱਡੇ ਵਾਲੇ ਇਕ ਪਾਸੇ ਹੋ ਜਾਣ
ਤੀਜਾ : ਗੁੱਡੀ ਵਾਲੇ ਇਕ ਪਾਸੇ ਹੋ ਜਾਣ
ਪਹਿਲੀ ਟੋਲੀ : ਆ ਮੇਰੀ ਗੁੱਡੀ ਸਹੁਰੇ ਘਰ
ਦੂਜੀ ਟੋਲੀ : ਨਹੀਂ ਭੇਜਣੀ ਸਹੁਰੇ ਘਰ
ਪਹਿਲੀ ਟੋਲੀ : ਕਿਉਂ ?
ਦੂਜੀ ਟੋਲੀ : ਸੱਚ ਇਹਦੀ ਹੈ ਬਹੁਤੀ ਡਾਢੀ
ਗੁੱਡੀ ਸਾਡੀ ਹੈ ਭੋਲੀ ਭਾਲੀ
ਉਹ ਇਹਨੂੰ ਮਾਰੇਗੀ
ਅੱਗ ਦੇ ਵਿਚ ਸਾੜੇਗੀ
ਪਹਿਲੀ ਟੋਲੀ : ਨਾ ਸੱਚ ਇਹਦੀ ਹੈ ਬਹੁਤੀ ਡਾਢੀ
ਨਾ ਗੁੱਡੀ ਤੁਹਾਡੀ ਹੈ ਭੋਲੀ ਭਾਲੀ
ਨਾ ਉਹ ਇਹਨੂੰ ਮਾਰੇਗੀ
ਨਾ ਅੱਗ ਦੇ ਵਿਚ ਸਾੜੇਗੀ
ਦੂਜੀ ਟੋਲੀ : ਹੋ ਜਾ ਗੁੱਡੀ ਤੂੰ ਤਿਆਰ
ਗੁੱਡਾ ਤੇਰਾ ਆਇਆ ਬਾਹਰ
ਪਹਿਲੀ ਟੋਲੀ : ਗੁੱਡੀ ਗੁੱਡੇ ਦਾ ਹੋਇਆ ਵਿਆਹ
ਗੁੱਡਾ ਆ ਗਿਆ ਸਿਧੇ ਰਾਹ
ਦੂਜੀ ਟੋਲੀ : ਗੁੱਡਾ ਗੁੱਡੀ ਸੁਖੀ ਵਸਣਗੇ
ਗੁੱਡਾ ਗੁੱਡੀ ਨਾ ਕਦੀ ਰੁਸਣਗੇ
(ਧਮਾਕਾ – ਦਹਿਸ਼ਤ – ਬੱਚੇ ਸਹਿਮ ਜਾਂਦੇ ਹਨ। ਹੱਸਦੇ – ਕੰਬਦੇ ਇਕੱਠੇ ਹੋ ਜਾਂਦੇ ਹਨ। ਪੰਜੇ ਪਾਟੇ ਖਾਂ ਤੇ ਪੰਜੇ ਨਾਢੂ ਖਾਂ ਬੱਚਿਆਂ ਦੇ ਦੋਵੇਂ ਪਾਸੇ ਖਲੋ ਜਾਂਦੇ ਹਨ।)
ਪਾਟੇ ਖਾਂ ਇਕ : ਕੌਣ ਹੋ ਤੁਸੀਂ ?
ਬਾਕੀ ਪਾਟੇ ਖਾਂ : ਹਾਂ ਕੌਣ ਹੋ ਤੁਸੀਂ ?
ਬੱਚੇ : ਅਸੀਂ ਹਾਂ ਨਿੱਕੇ ਬੱਚੇ
ਅਸੀਂ ਹਾਂ ਭੋਲੇ ਬੱਚੇ
ਨਾਢੂ ਖਾਂ : ਕੀ ਕਰ ਰਹੇ ਹੋ ?
ਸਾਰੇ ਬੱਚੇ : ਅਸੀਂ ਖੇਡ ਰਹੇ ਹਾਂ।
ਸਾਰੇ : ਕੀ ਖੇਡ ਰਹੇ ਹੋ ?
ਬੱਚੇ : ਕੋਟਲਾ ਛਪਾਕੀ – ਲੁੱਕਣ ਮੀਚੀ – ਭੰਡਾ ਭੰਡਾਰਿਆ – ਗੁੱਲੀ ਡੰਡਾ – ਕਿੱਕਲੀ ਕਲੀਰ ਦੀ ਤੇ ਬੰਟੇ –

ਸਾਰੇ ਪਾਟੇ ਖਾਂ : ਇਹ ਵੀ ਕੋਈ ਖੇਡ ਏ
ਸਾਰੇ ਨਾਢੂ ਖਾਂ : ਐਵੇਂ ਜਿਹੀ ਝੇਡ ਏ
ਸਾਰੇ ਪਾਟੇ ਖਾਂ : ਨਾ ਇਸ ਵਿਚ ਕੋਈ ਮਾਰ ਏ
ਸਾਰੇ ਨਾਢੂ ਖਾਂ : ਨਾ ਇਸ ਵਿਚ ਕੋਈ ਧਾੜ ਏ
ਸਾਰੇ ਪਾਟੇ ਖਾਂ : ਨਾ ਇਸ ਵਿਚ ਕੋਈ ਡਰਦਾ ਏ
ਸਾਰੇ ਨਾਢੂ ਖਾਂ : ਨਾ ਇਸ ਵਿਚ ਕੋਈ ਮਰਦਾ ਏ
ਸਾਰੇ ਪਾਟੇ ਖਾਂ : ਬਹਿਕੇ ਦੇਖੋ ਸਾਡੀ ਖੇਡ
ਨਾਢੂ ਖਾਂ : ਜੋ ਹੈ ਅਸਲੀ ਜੰਗ ਦੀ ਖੇਡ
ਪਾਟੇ ਖਾਂ : ਖੇਡ ਜਦੋਂ ਇਹ ਮੱਚਦੀ ਹੈ
ਨਾਢੂ ਖਾਂ : ਮੌਤ ਸਿਰਾਂ 'ਤੇ ਨੱਚਦੀ ਹੈ
ਪਾਟੇ ਖਾਂ : ਉਡਦੇ ਨੇ ਉਡਨ ਖਟੋਲੇ
ਨਾਢੂ ਖਾਂ : ਚਲਦੇ ਨੇ ਬੰਬ ਦੇ ਗੋਲੇ
ਪਾਟੇ ਖਾਂ : ਧਰਤੀ ਥਰ ਥਰ ਕੰਬਦੀ ਹੈ
ਨਾਢੂ ਖਾਂ : ਅੱਗ ਦੀ ਵਰਖਾ ਵਰਦੀ ਹੈ

(ਬੱਚੇ ਡਰਦੇ ਸਹਿਮੇ ਹੋਏ ਪਾਸੇ ਬੈਠ ਜਾਂਦੇ ਹਨ ਤੇ ਜੰਗ ਦੀਆਂ ਮਸ਼ਕਾਂ ਸ਼ੁਰੂ ਹੁੰਦੀਆਂ ਹਨ। ਪਹਿਲੇ ਹੌਲੀ ਫੇਰ ਤੇਜ਼ ਇਹ ਕਾਫੀ ਦੇਰ ਚਲਦੀਆਂ ਹਨ। ਵੱਖ-ਵੱਖ composition ਬਣਦੀਆਂ ਹਨ। ਇਥੇ ਡਾਇਰੈਕਟਰ ਨੇ ਸਾਰੀ ਲਿਆਕਤ ਵਰਤਨੀ ਹੈ। ਆਪਣੀਆਂ-ਆਪਣੀਆਂ ਪੁਜੀਸ਼ਨਾਂ ਵਿਚ ਪਾਟੇ ਖਾਂ ਤੇ ਨਾਢੂ ਖਾਂ ਫਰੀਜ਼ ਹੁੰਦੇ ਹਨ।)

(ਹੁਣ ਬੱਚੇ ਹੌਲੀ-ਹੌਲੀ ਉਠਦੇ ਹਨ ਤੇ ਡਰਦੇ ਡਰਦੇ ਹੱਥ ਜੋੜਕੇ ਦੋਨਾਂ ਧਿਰਾਂ ਨੂੰ ਅਰਜੋਈ ਕਰਦੇ ਹਨ।)

ਬੱਚੇ : ਪਾਟੇ ਖਾਂ ਜੀ - ਨਾਢੂ ਖਾਂ ਜੀ - ਤੁਸੀਂ ਲੜਾਈ ਵਾਲੀ ਖੇਡ ਨਾ ਖੇਡੋ!
ਪਾਟੇ ਖਾਂ ਤੇ ਨਾਢੂ ਖਾਂ : ਕਿਉਂ?
ਬੱਚੇ ਇਕ ਟੋਲੀ : ਸਾਡੀ ਗੁੱਡੀ ਦੀ ਬਾਂਹ ਟੁੱਟ ਜਾਏਗੀ
ਸਾਡੇ ਗੁੱਡੇ ਦੀ ਲੱਤ ਟੁੱਟ ਜਾਏਗੀ
ਸਾਡੇ ਖਿਡੌਣੇ ਟੁੱਟ ਜਾਣਗੇ
ਸਾਡੇ ਘਰ ਡਿੱਗ ਜਾਣਗੇ
ਪਾਟੇ ਖਾਂ : ਬੇਸ਼ਕ ਡਿਗਣ ਤੁਹਾਡੇ ਘਰ
ਨਾਢੂ ਖਾਂ : ਬੇਸ਼ਕ ਜਾਣ ਸਾਰੇ ਮਰ
ਪਾਟੇ ਖਾਂ : ਅਸੀਂ ਤਾਂ ਖੇਡ ਰਚਾਵਾਂਗੇ

ਨਾਢੂ ਖਾਂ : (ਚੁਟਕੀਆਂ ਮਾਰਦੇ ਹੋਏ) ਦੁਨੀਆਂ ਨੂੰ ਨਚਾਵਾਂਗੇ

(ਫੇਰ ਖੇਡ ਸ਼ੁਰੂ ਹੁੰਦੀ ਹੈ, ਬੱਚੇ ਫੇਰ ਦੋ ਟੋਲੀਆਂ ਬਣਾ ਲੈਂਦੇ ਹਨ, ਸਿਰ ਜੋੜਦੇ ਹਨ ਜਿਸ ਤਰ੍ਹਾਂ ਕੋਈ ਸਲਾਹ ਕਰ ਰਹੇ ਹੋਣ, ਫਿਰ ਉਹ ਇਕ ਰੱਸਾ ਲਿਆਂਦੇ ਹਨ ਤੇ ਲੜਦਿਆਂ ਹੋਇਆਂ ਦੇ ਦੁਆਲੇ ਲਪੇਟਕੇ ਕੱਸਣਾ ਸ਼ੁਰੂ ਕਰ ਦਿੰਦੇ ਹਨ, ਹੌਲੀ-ਹੌਲੀ ਉਹਨਾਂ ਨੂੰ ਨੂੜ ਲੈਂਦੇ ਹਨ। ਪਾਟੇ ਖਾਂ ਤੇ ਨਾਢੂ ਖਾਂ ਬੇਬਸ ਹੋ ਜਾਂਦੇ ਹਨ। ਉਹਨਾਂ ਦੇ ਡੰਡੇ ਉਤੇ ਦੇ ਉਤੇ ਹੀ ਰਹਿ ਜਾਂਦੇ ਹਨ ਤੇ ਇਕ ਕੰਪੋਜੀਸ਼ਨ ਵਿਚ ਹੀ ਫਰੀਜ਼ ਹੁੰਦੇ ਹਨ। ਬੱਚੇ ਜਾਗੋ ਆਈ ਆ... ਦੀ ਤਰਜ਼ 'ਤੇ ਗੀਤ ਬੋਲਦੇ ਹਨ।)

ਬੱਚਿਆਂ ਦੀ ਇਕ ਟੋਲੀ : ਸ਼ਾਵਾ ਬਈ ਹੁਣ ਕਾਬੂ ਆ ਗਏ

ਦੂਜੀ ਟੋਲੀ : ਬੱਲੇ ਬਈ ਹੁਣ ਕਾਬੂ ਆ ਗਏ

ਇਕ ਟੋਲੀ : ਪਾਟੇ ਖਾਂ ਬਈ ਕਾਬੂ ਆ ਗਏ

ਦੂਜੀ ਟੋਲੀ : ਨਾਢੂ ਖਾਂ ਬਈ ਕਾਬੂ ਆ ਗਏ

ਸਾਰੇ ਬੱਚੇ : ਸੁੱਟ ਦਿਓ ਤੁਸੀਂ ਆਪਣੇ ਡੰਡੇ (ਸਾਰੇ ਪਾਟੇ ਖਾਂ ਤੇ ਨਾਢੂ ਖਾਂ ਡੰਡੇ ਸੁੱਟਦੇ ਹਨ।)

ਝੂਲਣਗੇ ਇਥੇ ਅਮਨ ਦੇ ਝੰਡੇ।

(ਦੋ ਬੱਚੇ ਅਮਨ ਦੇ ਝੰਡੇ ਚੁੱਕੀ ਮਿਸ਼ਾਲਾਂ ਵਾਂਗ ਝੁਲਾਂਦੇ ਹਨ ਤੇ ਨਾਟਕ ਖਤਮ ਹੁੰਦਾ ਹੈ।)

(ਸਮਾਪਤ)